ਸ਼ੇਖ ਫ਼ਰੀਦ - ਸਬਦ ੫੭

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥

ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੦

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥
ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥

ਸਾਰ: ਜੋਬਨਮੱਤੀ ਮਨੋਬਿਰਤੀ ਵਿਚ ਖੁਲ੍ਹਦਿਲੀ ਤਾਂ ਹੋ ਸਕਦੀ ਹੈ ਪਰ ਇਹ ਟਾਲਮਟੋਲ ਕਰਨ ਦੀ ਆਦਤ ਤੋਂ ਵੀ ਪ੍ਰਭਾਵਿਤ ਰਹਿੰਦੀ ਹੈ, ਜਦੋਂ ਕਿ ਵਡੇਰੀ ਉਮਰ ਵਿਚ ਮਨੋਬਿਰਤੀ ਜਿੱਦੀ ਬਣ ਸਕਦੀ ਹੈ ਅਤੇ ਕਰਮ ਕਰਨ ਤੋਂ ਵੀ ਕਤਰਾਉਂਦੀ ਹੈ। ਟਾਲਣ ਅਤੇ ਕਿਰਿਆਹੀਣ ਹੋਣਾ, ਕਾਰਜਾਂ ਨੂੰ ਅੱਗੇ ਪਾਉਣ ਦਾ ਵਰਤਾਰਾ, ਸੁਨਿਹਰੀ ਅਵਸਰਾਂ ਨੂੰ ਗਵਾਉਣ ਦਾ ਕਾਰਣ ਵੀ ਬਣ ਸਕਦਾ ਹੈ। ਅੱਗੇ ਪਾਉਣ ਅਤੇ ਟਾਲਣ ਦੀ ਇਹ ਅਦਤ ਆਪਣੇ ਆਪ ਨਾਲ ਧੋਖਾ ਕਰਨ ਦੇ ਤੁਲ ਹੈ, ਜਿਥੇ ਅਸੀਂ ਜਾਣਦੇ ਹਾਂ ਕਿ ਕੀ ਕਰਨਾ ਹੈ, ਪਰ ਫਿਰ ਵੀ ਨਹੀਂ ਕਰਦੇ । ਇਸ ਤਰ੍ਹਾਂ ਸਾਡੇ ਮੌਕੇ ਸਿਰਫ਼ ਇਰਾਦਿਆਂ ਤੱਕ ਹੀ ਸੀਮਿਤ ਰਹਿ ਜਾਂਦੇ ਹਨ ਅਤੇ ਸਾਨੂੰ ਆਪਣੀ ਸਮਰੱਥਾ ਦਾ ਅਹਿਸਾਸ ਕਰਵਾਉਣ ਤੋਂ ਰੋਕ ਦਿੰਦੇ ਹਨ। ਅਸੀਂ ਆਪਣੀ ਸਮਰੱਥਾ ਨੂੰ ਹਕੀਕਤ ਵਿਚ ਨਹੀਂ ਬਦਲ ਸਕਦੇ। ਮੂਲ ਤੱਥ ਇਹ ਹੈ ਕਿ ਅਸੀਂ ਬੀਤ ਰਹੇ ਪਲ ਵਿਚ ਹੀ ਕਦਮ ਚੁੱਕੀਏ, ਭਾਵੇਂ ਇਹ ਅਧੂਰੇ ਹੀ ਕਿਉਂ ਨਾ ਹੋਣ, ਕਿਉਂਕਿ ਜੀਵਨ ਵਿਚ ਮੌਕੇ ਕਦੇ ਵੀ ਪੂਰਨ ਸਮੇਂ ਦੀ ਉਡੀਕ ਨਹੀਂ ਕਰਦੇ।

ਫਰੀਦਾ ਨੰਢੀ ਕੰਤੁ ਨ ਰਾਵਿਓ ਵਡੀ ਥੀ ਮੁਈਆਸੁ ॥
ਫਰੀਦ ਕਹਿੰਦੇ ਹਨ ਕਿ ਜਵਾਨੀ ਵਿਚ, ਸਰਬ-ਵਿਆਪੀ ਸਤਾ ਬਾਰੇ ਵਿਚਾਰ ਨਹੀਂ ਕੀਤਾ ਜਾਂਦਾ; ਜਦੋਂ ਕੋਈ ਬਜ਼ੁਰਗ ਹੋ ਜਾਂਦਾ ਹੈ, ਤਾਂ ਉਸਨੂੰ ਮੌਤ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਭਾਵ ਪ੍ਰਤੀਕਾਤਮਕ ਤੌਰ 'ਤੇ ਖੁੰਝੇ ਹੋਏ ਮੌਕੇ ਨੂੰ ਦਰਸਾਉਂਦਾ ਹੈ ਜਿਸ ਵਿੱਚ ਜਵਾਨੀ ਮੁਲਤਵੀ ਕਰਨ ਦੇ ਭੋਲੇਪਣ ਨੂੰ, ਅਤੇ ਵਡੇਰੀ ਉਮਰ ਅਸਵੀਕਾਰਨ ਦੀ ਕਠੋਰਤਾ ਨੂੰ ਦਰਸਾਉਂਦੀ ਹੈ।

ਧਨ ਕੂਕੇਂਦੀ ਗੋਰ ਮੇਂ ਤੈ ਸਹ ਨਾ ਮਿਲੀਆਸੁ ॥੫੪॥

ਜੀਵਨ ਸਾਥੀ ਕਬਰ ਵਿਚੋਂ ਕੁਰਲਾਉਂਦਾ ਹੈ ਪਰ ਆਪਣੇ ਪ੍ਰੀਤਮ ਨੂੰ ਮਿਲ ਨਹੀਂ ਸਕਦਾ। ਇਹ ਭਾਵ ਅੰਤਹਕਰਣ ਨੂੰ ਦਰਸਾਉਂਦਾ ਹੈ, ਜੋ ਇਹ ਪਛਤਾਵਾ ਕਰਦਾ ਹੈ ਕਿ ਉਸ ਨੇ ਵਿਸ਼ਵਵਿਆਪੀ ਚੇਤਨਾ ਦੇ ਤੱਤਸਾਰ ਨਾਲ ਆਪਣੇ ਆਪ ਨੂੰ ਇਕਸੁਰ ਨਹੀਂ ਕੀਤਾ। (੫੪)

ਤੱਤ**:** ਸ਼ੇਖ ਫ਼ਰੀਦ ਸਾਨੂੰ ਯਾਦ ਦਿਵਾਉਂਦੇ ਹਨ ਕਿ ਆਪਣੇ ਵਿਕਾਸ ਲਈ ਜਵਾਨੀ ਵਰਗੀ ਗ੍ਰਹਿਣਸ਼ੀਲਤਾ ਦੇ ਧਾਰਨੀ ਹੋਣਾ ਜ਼ਰੂਰੀ ਹੈ। ਇਸ ਤੋਂ ਬਿਨਾਂ, ਅਸੀਂ ਆਸਾਨੀ ਨਾਲ ਉਨ੍ਹਾਂ ਧਾਰਨਾਵਾਂ ਦੇ ਜਾਲ ਵਿਚ ਫਸ ਸਕਦੇ ਹਾਂ ਜੋ ਸਮੇਂ ਦੇ ਨਾਲ ਕਠੋਰਤਾ ਵਿਚ ਪਰਿਪੱਕ ਹੋ ਜਾਂਦੀਆਂ ਹਨ। ਜਦੋਂ ਅਸੀਂ ਆਪਣੇ ਆਪ ਨੂੰ ਵੱਖ-ਵੱਖ ਦ੍ਰਿਸ਼ਟੀਕੋਣਾਂ ਦੇ ਨੇੜੇ ਕਰ ਲੈਂਦੇ ਹਾਂ, ਤਾਂ ਅਸੀਂ ਆਪਣੇ ਗੂੜ੍ਹ ਤੱਤਸਾਰ ਨਾਲ ਇਕਸੁਰਤਾ ਗਵਾਉਣ ਦਾ ਜੋਖਮ ਲੈਂਦੇ ਹਾਂ। ਇਹ ਅਟੱਲਤਾ, ਜਿਸਨੂੰ ਅਕਸਰ ਸਮਰੱਥਾ ਸਮਝਿਆ ਜਾਂਦਾ ਹੈ, ਦਰਅਸਲ ਸਾਡੀ ਹਉਮੈ ਹੁੰਦੀ ਹੈ ਜੋ ਪਰਿਵਰਤਨ ਦਾ ਵਿਰੋਧ ਕਰਦੀ ਹੈ। ਸਾਡਾ ਅੰਤਰੀਵੀ ਸੰਸਾਰ ਖੁੱਲ੍ਹੇਪਨ ਵਿਚ ਵਿਗਸਦਾ ਹੈ ਅਤੇ ਤੰਗਦਿਲੀ ਵਿਚ ਸੁੰਘੜ ਜਾਂਦਾ ਹੈ। ਗ੍ਰਹਿਣਸ਼ੀਲਤਾ ਨੂੰ ਅਪਣਾਉਣ ਨਾਲ ਅਸੀਂ ਆਪਣੇ ਸੱਚੇ ਆਪੇ ਨੂੰ ਪੁਨਰ-ਸੁਰਜੀਤ ਅਤੇ ਨਿਰਮਲਤਾ ਦੇ ਧਾਰਨੀ ਹੋਣ ਦੀ ਆਗਿਆ ਦਿੰਦੇ ਹਾਂ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ**: OnenessInDiversity.com**

ਈਮੇਲ**: onenessindiversityfoundation@gmail.com**